ਜੋ ਗ੍ਰਿਹਸਥ ਲੋਕ ਦਾਨ ਕਰਦੇ ਹਨ, ਸੀਲ ਵਰਤ ਦਾ ਧਾਰਨ ਕਰਦੇ ਹਨ, ਤਪ ਕਰਦੇ ਹਨ, ਸੁੰਦਰ ਭਾਵਨਾਵਾਂ ਵਿੱਚ ਆਪਣੀ ਆਤਮਾ ਨੂੰ ਲਗਾਉਂਦੇ ਹਨ, ਗਿਆਨਵਾਨ ਹੋ ਕੇ ਸਰਧਾ ਨਾਲ ਚਾਰੇ ਪ੍ਰਕਾਰ ਦੇ ਧਰਮਾਂ ਦੀ ਅਰਾਧਨਾ ਕਰਦੇ ਹਨ, ਉਹ ਧੰਨ ਹਨ। ਸਾਧਵੀਆਂ ਅਤੇ ਉਪਾਸਕਾਵਾਂ ਜੋ ਕਿ ਨਿਰਮਲ ਗਿਆਨਸ਼ੀਲ ਦੀ ਸੋਭਾ ਨੂੰ ਧਾਰਨ ਕਰਦੀਆਂ ਹਨ, ਉਹ ਵੀ ਧੰਨ ਹਨ, ਭਾਗਸ਼ਾਲੀ ਮਨੁੱਖ ਨੂੰ ਹਰ ਰੋਜ਼ ਇਨ੍ਹਾਂ ਦੀ ਸਤੁਤੀ ਨਿਮਰਤਾ ਨਾਲ ਕਰਨੀ ਚਾਹੀਦੀ ਹੈ। - 4

ਮਿਥਿਆ ਦ੍ਰਿਸਟੀ, ਲੋਕਾਂ ਵਿੱਚ ਪਰਉਪਕਾਰ, ਦਿਆ, ਵਗੈਰਾ ਗੁਣ ਹੋਣ ਸੰਤੋਖ, ਸੱਚ ਵਗੈਰਾ ਆਦਿ ਗੁਣਾਂ ਦਾ ਵਿਸਥਾਰ ਹੋਵੇ, ਵਿਸ਼ਾਲਤਾ ਹੋਵੇ, ਨਿਮਰਤਾ ਹੋਵੇ ਅਤੇ ਸਾਰੇ ਗੁਣ ਮਾਰਗਾਨੁਸਾਰੀ ਗੁਣਾਂ ਦੀ ਮੈਂ ਸਰਾਹਨਾ ਕਰਦਾ ਹਾਂ। - 5

ਹੇ ਜੀਵ ! ਤੂੰ ਭਲੀ ਭਾਂਤ ਖੁਸ਼ ਹੋ ਕੇ ਭਾਗਸ਼ਾਲੀ ਮਨੁੱਖਾਂ ਦੇ ਸੁੰਦਰ ਚਰਿੱਤਰ ਦੀ ਪ੍ਰਸੰਸਾ ਕਰਨ ਵਿੱਚ ਤਿਆਰ ਰਹਿ। ਮੇਰੇ ਕੰਨ ਹੋਰਾਂ ਦੇ ਯਸ਼ ਨੂੰ ਸੁਣ ਕੇ ਆਨੰਦ ਮਾਨਣ। ਹੋਰਾਂ ਦੀ ਸੁੱਖ-ਸਮਰਿੱਧੀ ਵੇਖ ਕੇ ਇਹ ਅੱਖਾਂ ਪ੍ਰਫੁੱਲਤ ਹੋਣ। ਇਸ ਸੰਸਾਰ ਵਿੱਚ ਅਜਿਹੇ ਪ੍ਰਮੋਦ ਭਾਵ ਵਿੱਚ ਜੀਉਣਾ ਜੀਵਨ ਦੀ ਸਫਲਤਾ ਅਤੇ ਸਾਰਥਕਤਾ ਹੈ। - 6

ਦੂਸਰਿਆਂ ਦੇ ਗੁਣਾਂ ਤੋਂ ਖੁਸ਼ ਹੋ ਕੇ ਜਿਨ੍ਹਾਂ ਦੀ ਪਾਰਦਰਸ਼ੀ ਪ੍ਰਗਿਆ ਸਮਤਾ ਸਾਗਰ ਵਿੱਚ ਲੀਨ ਹੋ ਗਈ ਹੈ, ਉਨ੍ਹਾਂ ਦੇ ਮਨ ਦੀ ਖੁਸ਼ੀ ਬੜੀ ਚਮਕਦੀ ਦਮਕਦੀ ਹੈ। ਉਨ੍ਹਾਂ ਵਿੱਚ ਰਹਿੰਦੇ ਸਾਰੇ ਗੁਣ ਵੀ ਨਿਰਮਲ ਹੋ ਜਾਂਦੇ ਹਨ। - 7

# ਚੌਦ੍ਹਵੀਂ ਭਾਵਨਾ (ਗੀਤ)

ਹੇ ਵਿਨੈ, ਤੂੰ ਗੁਣਾਂ ਵੱਲ ਆਦਰ ਵਾਲਾ ਹੋ ਕੇ ਈਰਖਾ ਭਾਵ ਛੱਡ ਦੇ। ਜਿਨ੍ਹਾਂ ਵਿੱਚ ਉਨ੍ਹਾਂ ਦੇ ਕਰਮਾਂ ਦੇ ਪ੍ਰਭਾਵ ਤੋਂ ਕੁਝ ਵਿਸ਼ੇਸ਼ਤਾਵਾਂ ਪ੍ਰਾਪਤ ਹੋਈਆਂ ਹਨ, ਉਸ ਨੂੰ ਤੂੰ ਅਨੰਦ ਨਾਲ ਮਹਿਸੂਸ ਕਰ। - 1

ਕਿੰਨਾ ਚੰਗਾ ਹੈ, ਕਿ ਕੋਈ ਭਾਗਸ਼ਾਲੀ ਦਾਨ ਦਿੰਦਾ ਹੈ ਅਤੇ ਦੁਨੀਆ ਵਿੱਚ ਉਸ ਦੀ ਵਾਹ-ਵਾਹ ਹੁੰਦੀ ਹੈ। ਦੂਸਰੇ ਦੇ ਨੀਵੇਂ ਭਾਵ ਦੇ ਲਈ ਅਜਿਹੇ ਪਰਮ ਸੁੱਖ ਦੀ ਪ੍ਰਾਪਤੀ ਕਾਰਨ ਵਿਚਾਰ ਵੀ ਪੈਦਾ ਨਹੀਂ ਹੁੰਦਾ। ਕੀ ਤੈਨੂੰ ਅਜਿਹੇ ਚੰਗੇ ਕੰਮ ਵਿੱਚ ਹਿੱਸਾ ਮਿਲ ਸਕਦਾ ਹੈ। - 2

ਜਿਨ੍ਹਾਂ ਮਹਾਪੁਰਸ਼ਾਂ ਦੇ ਮਨ ਵਿਕਾਰ ਰਹਿਤ ਹਨ, ਇਸ ਸੰਸਾਰ ਵਿੱਚ ਰਹਿ ਕੇ ਜੋ ਉਪਕਾਰ ਕਰਦੇ ਹਨ, ਅਜਿਹੇ ਗੁਣਾਂ ਨਾਲ ਸ਼ਿੰਗਾਰੇ ਮਹਾਪੁਰਸ਼ਾਂ ਦੇ ਨਾਂ ਅਸੀਂ ਬਾਰ ਬਾਰ ਲੈਂਦੇ ਹਾਂ। - 3

ਇੱਕ ਸਹਿਣਸ਼ੀਲਤਾ ਗੁਣ ਹੀ ਅਜਿਹਾ ਹੈ ਜਿਸ ਦੀ ਤੁਲਣਾ ਕਿਸੇ ਹੋਰ ਗੁਣ ਨਾਲ ਨਹੀਂ ਕੀਤੀ ਜਾ ਸਕਦੀ। ਮੁਕਤੀ ਪ੍ਰਾਪਤੀ ਦੇ ਲਈ ਸਾਧਨ ਰੂਪ ਇਸ ਗੁਣ ਨੂੰ ਹੇ ਆਤਮਾ ਤੂੰ ਤੀਰਥੰਕਰ ਪ੍ਰਮਾਤਮਾ ਵਿੱਚ ਵੇਖ। ਕ੍ਰੋਧ ਤੇ ਹੰਕਾਰ ਦੇ ਦੋਸ਼ ਨਸ਼ਟ ਹੋ ਜਾਣ ਅਤੇ ਵਧਦੇ ਹੋਏ ਕਰਮਾਂ ਦੀਆ ਜੜ੍ਹਾਂ ਮੁੱਕ ਜਾਣ, ਨਸ਼ਟ ਹੋ ਜਾਣ। - 4

ਕੁਝ ਇੱਕ ਗ੍ਰਹਿਸਥ ਆਦਮੀ ਵੀ ਪਰਾਈ ਇਸਤਰੀ ਦਾ ਤਿਆਗ ਕਰਕੇ ਉੱਤਮ ਸ਼ੀਲ ਵਰਤ ਦਾ ਪਾਲਣ ਕਰਦੇ ਹਨ। ਬਾਂਝ ਅੰਬ ਫਲ ਤੋਂ ਵੀ ਲਚੀਲਾ ਬਣਾ ਦੇ, ਅਜਿਹਾ ਉਨ੍ਹਾਂ ਦਾ ਜਸ ਸਾਰੇ ਸੰਸਾਰ ਵਿੱਚ ਫੈਲਿਆ ਹੋਇਆ ਹੈ। - 5

ਜਿਹੜੀਆਂ ਇਸਤਰੀਆਂ ਆਪਣੇ ਪੇਕੇ ਅਤੇ ਸਹੁਰੇ ਦੋਹਾਂ ਕੁਲਾਂ ਦੀ ਇੱਜਤ ਨੂੰ ਆਪਣੇ ਗੁਣਾਂ ਦੇ ਝੰਡੇ ਨਾਲ ਲਹਿਰਾਉਂਦੀਆਂ ਹਨ। ਚੰਗੀ

ਚਰਿੱਤਰਵਾਲੀਆਂ ਉਨ੍ਹਾਂ ਪਵਿੱਤਰ ਇਸਤਰੀਆਂ ਦਾ ਦਰਸ਼ਨ ਵੀ ਮਹਾਨ ਪੁੰਨ ਦਾ ਕਾਰਨ ਹੈ ਅਤੇ ਪੁੰਨ ਨਾਲ ਹੀ ਮਿਲਦਾ ਹੈ। - 6

ਤੱਤਵ ਦੇ ਜਾਣਕਾਰ ਮਹਾਂਪੁਰਸ਼, ਸਾਤਵਿਕ ਯੋਗੀ ਪੁਰਸ਼ ਅਤੇ ਸੱਜਣਾਂ ਵਿੱਚ ਸ੍ਰੇਸ਼ਠ ਪੁਰਸ਼ ਗਿਆਨ ਦਾਨ ਵਿੱਚ ਬੁੱਧੀਮਾਨ ਮਹਾਂਪੁਰਸ਼ ਇਨ੍ਹਾਂ ਸਾਰਿਆਂ ਨੇ ਸੰਸਾਰ ਨੂੰ ਚਮਕਾਇਆ ਹੈ। ਉਨ੍ਹਾਂ ਦਾ ਨਾਮ ਸਿਮਰਣ ਵੀ ਇੱਕ ਚੰਗੀ ਘਟਨਾ ਹੈ ਅਤੇ ਪੁੰਨ ਵਾਲਾ ਮੌਕਾ ਹੁੰਦਾ ਹੈ। - 7

ਇਸ ਤਰ੍ਹਾਂ ਹੋਰਾਂ ਦੇ ਗੁਣਾਂ ਦਾ ਸਿਮਰਨ, ਕੀਰਤਨ ਕਰਕੇ ਉਸ ਵਿੱਚ ਅਨੰਦ ਮਾਨਣਾ ਤੇ ਉਸ ਦਾ ਚਿੰਤਣ ਕਰਨਾ ਇਸ ਤਰ੍ਹਾਂ ਜੀਵਨ ਨੂੰ ਸਾਰਥਕ ਕਰਨਾ। ਚੰਗੇ ਗੁਣਾਂ ਦੀ ਖਾਨ ਵਾਲੇ ਮਹਾਂਪੁਰਸ਼ਾਂ ਦੇ ਗੁਣਗਾਨ ਨਾਲ ਤੂੰ ਸ਼ਾਤਸੁਧਾ ਰਸ ਦਾ ਸੇਵਨ ਕਰਿਆ ਕਰ। - 8

15.

# ਕਰੁਣਾ ਭਾਵਨਾ (ਸ਼ਲੋਕ)

ਇਸ ਜਗਤ ਪ੍ਰਾਣੀ, ਖਾਣਾ ਪੀਣਾ, ਕੱਪੜਾ, ਘਰ, ਗਹਿਣੇ, ਸ਼ਿੰਗਾਰ ਆਦਿ ਦੇ ਵਿੱਚ ਰੁੱਝੇ ਰਹਿੰਦੇ ਹਨ। ਸ਼ਾਦੀ ਵਿਆਹ, ਸੰਤਾਨ ਉਤਪਤੀ, ਮਨ ਚਾਹੇ ਸੁੱਖ ਭੋਗ ਆਦਿ ਦੀਆਂ ਗੱਲਾਂ ਵਿੱਚ ਵਿਆਕੁਲ ਅਤੇ ਜੁਟੇ ਰਹਿਣ ਵਾਲੇ ਮਨ ਸਥਿਰ ਕਿਵੇਂ ਹੋ ਸਕਦੇ ਹਨ ? - 1

ਹਰ ਕੀਮਤ 'ਤੇ, ਹਰ ਹਾਲਤ ਵਿੱਚ ਸੱਚ ਝੂਠ, ਉਲਟਾ ਸਿੱਧਾ, ਇੱਧਰ ਉੱਧਰ ਕੁਝ ਵੀ ਕਰਕੇ, ਆਦਮੀ ਸੰਪਤੀ ਇਕੱਠੀ ਕਰਦਾ ਹੈ ਅਤੇ ਆਦਤ ਤੋਂ ਮਜਬੂਰ ਪੱਕੀ ਸਮਝ ਕੇ ਉਸ ਨਾਲ ਦਿਲ ਤੋਂ ਜੁੜ ਜਾਂਦਾ ਹੈ। ਪਰ ਦੁਸ਼ਮਣ ਰੋਗ, ਡਰ, ਜਾਂ ਬੁਢਾਪਾ ਅਤੇ ਮੌਤ ਇਸ ਸਾਰੀ ਸੰਪਤੀ ਨੂੰ ਸੁਪਨੇ ਵਾਂਗ ਰਾਖ ਕਰ ਦਿੰਦੀ ਹੈ। - 2

ਕੁਝ ਲੋਕ ਮੁਕਾਬਲੇ ਵਿੱਚ ਡੁੱਬੇ ਹਨ, ਕੁਝ ਲੋਕ ਗੁੱਸਾ ਅਤੇ ਈਰਖਾ ਦੀ ਅੱਗ ਵਿੱਚ ਜਲਦੇ ਝੁਲਸਦੇ ਹੋਏ, ਦਿਲ ਵਿੱਚ ਧੋਖਾ ਰੱਖਦੇ ਹਨ, ਕੁਝ ਤਾਂ ਧਨ, ਔਰਤ, ਜ਼ਮੀਨ ਦੇ ਲਈ ਲੜਾਈਆਂ ਲੜਦੇ ਹਨ, ਝਗੜਦੇ ਹਨ, ਕੁਝ ਸੰਪਤੀ ਬਣਾਉਣ ਦੇ ਲਈ ਦੇਸ਼ ਵਿਦੇਸ਼ ਵਿੱਚ ਭਟਕ ਕੇ ਦੁਖੀ ਹੁੰਦੇ ਹਨ। ਸਾਰਾ ਸੰਸਾਰ ਜਿਵੇਂ ਕਿ ਸੰਕਟ ਨਾਲ ਘਿਰ ਗਿਆ ਹੈ। ਕੀ ਕਰੀਏ ? ਕੀ ਆਖੀਏ ? - 3

ਆਦਮੀ ਆਪਣੇ ਰਾਹੀ ਬਣਾਏ ਟੋਏ ਵਿੱਚ ਇੰਨਾ ਡੂੰਘਾ ਡਿੱਗਦਾ ਹੈ ਕਿ ਬਾਹਰ ਨਿਕਲਣ ਦਾ ਤਾਂ ਖਿਆਲ ਵੀ ਨਹੀਂ ਰਹਿੰਦਾ ਅਤੇ ਹੋਰ ਜ਼ਿਆਦਾ ਡੂੰਘਾ ਉੱਤਰ ਜਾਂਦਾ ਹੈ। - 4

ਕੁਝ ਲੋਕ ਨਾਸਤਿਕਵਾਦ ਕਾਰਨ, ਪ੍ਰਮਾਦ ਦਾ ਪੱਲਾ ਫੜਦੇ ਹਨ। ਦੋਸ਼ਾਂ ਦੇ ਭੰਵਰ ਵਿੱਚ ਫਸ ਕੇ ਨਿਗੋਦ ਵਗੈਰਾ ਵਿੱਚ ਵਿਸ਼ਾਲ ਦੁੱਖਾਂ ਦਾ ਸਾਹਮਣਾ ਕਰਦੇ ਹਨ। - 5

ਜੋ ਪ੍ਰਾਣੀ ਭਲੇ ਦਾ ਉਪਦੇਸ਼ ਨਹੀਂ ਸੁਣਦੇ ਅਤੇ ਨਾ ਹੀ ਧਰਮ ਦੀ ਇੱਕ ਵੀ ਗੱਲ ਮੰਨਣ ਲਈ ਤਿਆਰ ਹੁੰਦੇ ਹਨ, ਫਿਰ ਵੀ ਉਨ੍ਹਾਂ ਦੀਆਂ ਸੰਪਤੀਆ ਦਾ ਅੰਤ ਹੋ ਜਾਵੇਗਾ ਤਾਂ ਕਿਉਂ ? - 6

ਹੋਰਾਂ ਦੇ ਦੁੱਖ ਦੂਰ ਕਰਨ ਦੇ ਉਪਾਅ ਜੋ ਆਦਮੀ ਸੋਚਦਾ ਹੈ, ਭਵਿੱਖ ਵਿੱਚ ਉਹ ਸ੍ਰੇਸ਼ਠ ਸੁੰਦਰ ਸੁੱਖ ਨੂੰ ਪ੍ਰਾਪਤ ਕਰਦਾ ਹੈ। - 7

## ਪੰਦਰਵੀਂ ਭਾਵਨਾ (ਗੀਤ)

ਸੱਜਣੋ, ਦਿਲ ਵਿੱਚ ਖੁਸ਼ੀ ਰੱਖ ਕੇ ਭਗਵਾਨ ਦਾ ਭਜਨ ਕਰੋ। ਪ੍ਰਮਾਤਮਾ ਦੀ ਅਰਾਧਨਾ ਕਰੋ। ਜੋ ਪ੍ਰਮਾਤਮਾ ਦੀ ਸ਼ਰਣ ਵਿੱਚ ਆਏ ਹੋਏ ਪ੍ਰਾਣੀ ਦੇ ਲਈ ਬਿਨਾਂ ਕਿਸੇ ਤਰ੍ਹਾਂ ਦੀ ਇੱਛਾ ਦੇ ਰਹਿਮ ਦਿਲ ਹੈ। - 1

ਮਨ ਨੂੰ ਜਰਾ ਸਥਿਰ ਕਰਕੇ ਜਿਨ-ਆਗਮ ਦੇ ਸਾਰ ਦਾ ਅੰਮ੍ਰਿਤਪਾਣ ਕਰੋ। ਇੱਧਰ ਉੱਧਰ ਦੇ ਰਸਤੇ ਤੁਹਾਨੂੰ ਭਟਕਾ ਦੇਣਗੇ। ਅਜਿਹੀ ਗਲਤ ਅਤੇ ਸ਼ੰਕਾ ਦੇ ਵਿਚਾਰਾਂ ਨੂੰ ਹਮੇਸ਼ਾ ਛੱਡ ਦਿਓ। - 2

ਜਿਸ ਪੁਰਸ਼ ਨੂੰ ਹਿੱਤ, ਅਹਿੱਤ ਅਤੇ ਚੰਗੇ ਬੁਰੇ ਦਾ ਖਿਆਲ ਨਹੀਂ, ਉਸ ਤੋਂ 100 ਗਜ ਦੂਰ ਰਹਿਣਾ ਚੰਗਾ ਹੈ। ਕਿਉਂਕਿ ਉਹ ਲੋਕ ਆਪਣੇ ਵਚਨਾਂ ਦੀ ਚਤੁਰਾਈ ਨਾਲ ਭੋਲੇ ਅਤੇ ਘੱਟ ਬੁੱਧੀ ਵਾਲੇ ਲੋਕਾਂ ਨੂੰ ਭਟਕਾ ਦਿੰਦੇ ਹਨ। ਸੱਜਣਾਂ ਦਾ ਇੱਕ ਵਚਨ ਹੀ ਜੇ ਚੰਗੀ ਤਰ੍ਹਾਂ ਸਵੀਕਾਰ ਕਰ ਲਿਆ ਜਾਵੇ ਅਤੇ ਜ਼ਿੰਦਗੀ ਗੁਜ਼ਾਰੀ ਜਾਵੇ ਤਾਂ ਅਨੰਦ ਦਾ ਦਰਿਆ ਵਹਿ-ਉਂਦਾ ਹੈ। - 3